ਹਰੇਕ ਵਿਅਕਤੀ ਲਈ ਕੈਂਸਰ ਦੇਖਭਾਲ ਨੂੰ ਬਿਹਤਰ ਬਨਾਉਣ ਵਿੱਚ ਸਾਡੀ ਮਦਦ ਕਰੋ

ਜੇਕਰ ਤੁਸੀਂ ਇੱਥੇ ਇਲਾਜ ਕਰਵਾ ਚੁੱਕੇ ਹੋ ਤਾਂ ਤੁਹਾਨੂੰ ਜਲਦੀ ਹੀ NHS ਇੰਗਲੈਂਡ ਦੇ **ਨੈਸ਼ਨਲ ਕੈਂਸਰ ਰੋਗੀ ਅਨੁਭਵ ਸਰਵੇਖਣ** ਵਿੱਚ ਹਿੱਸਾ ਲੈਣ ਲਈ ਕਿਹਾ ਜਾ ਸਕਦਾ ਹੈ। ਸਰਵੇਖਣ ਸਾਨੂੰ ਇਸ ਚੀਜ਼ ਦੀ ਜਾਂਚ ਕਰਨ ਵਿੱਚ ਸਹਾਇਤਾ ਕਰਦਾ ਹੈ ਕਿ ਕੀ ਵਧੀਆ ਕੰਮ ਕਰ ਰਿਹਾ ਹੈ ਅਤੇ ਕੈਂਸਰ ਦੇ ਭਵਿੱਖੀ ਮਰੀਜ਼ਾਂ ਲਈ ਕੀ ਸੁਧਾਰ ਕੀਤਾ ਜਾ ਸਕਦਾ ਹੈ।

ਅਪ੍ਰੈਲ, ਮਈ ਜਾਂ ਜੂਨ 2023 ਵਿੱਚ ਦਾਖਲ ਮਰੀਜ਼ ਜਾਂ ਡੇਅ ਕੇਸ ਵਜੋਂ ਕੈਂਸਰ ਨਾਲ ਸੰਬੰਧਤ ਦੇਖਭਾਲ ਜਾਂ ਇਲਾਜ ਕਰਵਾਉਣ ਵਾਲੇ ਸਾਰੇ NHS ਰੋਗੀਆਂ ਨਾਲ ਸਰਵੇਖਣ ਵਿੱਚ ਭਾਗ ਲੈਣ ਲਈ ਸੰਪਰਕ ਕੀਤਾ ਜਾਵੇਗਾ।

ਹਿੱਸਾ ਲੈਣਾ ਸਵੈਇੱਛੁਕ ਹੈ।

ਇਹ ਸਰਵੇਖਣ NHS ਇੰਗਲੈਂਡ ਨਾਲ ਸਮਝੌਤੇ ਅਧੀਨ ਕੰਮ ਕਰਨ ਵਾਲੀ ਇੱਕ ਸੁਤੰਤਰ ਸੰਸਥਾ ਦੁਆਰਾ ਕੀਤਾ ਜਾਵੇਗਾ। ਉਹ ਤੁਹਾਡੇ ਨਾਲ ਸੰਪਰਕ ਕਰਨ ਲਈ ਤੁਹਾਡੇ ਨਿੱਜੀ ਵੇਰਵਿਆਂ ਦੀ ਵਰਤੋਂ ਕਰਨਗੇ। ਉਹ ਸਰਵੇਖਣ ਕਰਨ ਲਈ ਸਿਰਫ਼ ਤੁਹਾਡੇ ਵੇਰਵਿਆਂ ਦੀ ਵਰਤੋਂ ਕਰਨਗੇ। ਇਹ ਵੇਰਵੇ ਇਸ NHS ਟਰੱਸਟ ਦੁਆਰਾ ਪ੍ਰਦਾਨ ਕੀਤੇ ਜਾਣਗੇ। ਤੁਹਾਡੀ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ ਅਤੇ ਗੁਪਤ ਢੰਗ ਨਾਲ ਸੰਭਾਲਿਆ ਜਾਵੇਗਾ। ਅਸੀਂ ਅਜਿਹੀ ਕੋਈ ਵੀ ਜਾਣਕਾਰੀ ਪ੍ਰਕਾਸ਼ਿਤ ਨਹੀਂ ਕਰਾਂਗੇ ਜਿਸ ਨਾਲ ਤੁਹਾਡੀ ਪਛਾਣ ਹੋ ਸਕੇ।

ਜੇਕਰ ਤੁਸੀਂ ਹਿੱਸਾ **ਨਹੀਂ ਲੈਣਾ** ਚਾਹੁੰਦੇ, ਜਾਂ ਸਰਵੇਖਣ ਨਾਲ ਸੰਬੰਧਤ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸੰਪਰਕ ਕਰੋ:

ਅਸੀਂ ਤੁਹਾਡੀ ਫੀਡਬੈਕ ਕਿਉਂ ਚਾਹੁੰਦੇ ਹਾਂ?

ਅਸੀਂ ਸਪੱਸ਼ਟ ਜਾਣਕਾਰੀ ਦੇ ਕੇ, ਹਰ ਕਿਸੇ ਦਾ ਆਦਰ ਕਰਕੇ ਅਤੇ ਹਮਦਰਦੀ ਦਿਖਾ ਕੇ ਅਤੇ ਮਰੀਜ਼ਾਂ ਨੂੰ ਸੁਰੱਖਿਅਤ ਅਤੇ ਆਰਾਮਦਾਇਕ ਰੱਖ ਕੇ ਲੋਕਾਂ ਦੀ ਸਿਹਤ ਸੰਭਾਲ ਦੇ ਤਜ਼ਰਬਿਆਂ ਨੂੰ ਬਿਹਤਰ ਬਣਾਉਣਾ ਚਾਹੁੰਦੇ ਹਾਂ।

ਤੁਹਾਡੇ ਦੁਆਰਾ ਸਾਨੂੰ ਦਿੱਤੀ ਜਾਣ ਵਾਲੀ ਜਾਣਕਾਰੀ ਦਾ ਕੀ ਹੁੰਦਾ ਹੈ?

NHS ਇੰਗਲੈਂਡ ਤੁਹਾਨੂੰ ਸਰਵੇਖਣ ਭੇਜਣ ਲਈ ਤੁਹਾਡੇ ਨਾਮ ਅਤੇ ਪਤੇ ਦੀ ਵਰਤੋਂ ਕਰੇਗਾ। ਤੁਹਾਡੇ ਜਵਾਬ ਤੁਹਾਡੇ ਵੇਰਵਿਆਂ ਨਾਲ ਮੇਲ ਨਹੀਂ ਖਾਣਗੇ। ਅਸੀਂ ਤੁਹਾਡੀ ਜਾਣਕਾਰੀ ਨੂੰ ਸੁਰੱਖਿਅਤ ਰੱਖਾਂਗੇ ਅਤੇ ਅਜਿਹੀ ਕੋਈ ਵੀ ਜਾਣਕਾਰੀ ਪ੍ਰਕਾਸ਼ਿਤ ਨਹੀਂ ਕਰਾਂਗੇ ਜਿਸ ਨਾਲ ਤੁਹਾਡੀ ਪਛਾਣ ਹੋ ਸਕੇ।

ਅਸੀਂ ਤੁਹਾਡੇ ਜਵਾਬਾਂ ਦੀ ਵਰਤੋਂ ਮਰੀਜਾਂ ਦਾ ਇਲਾਜ ਕਰਨ ਵਾਲੇ ਲੋਕਾਂ ਨੂੰ ਇਹ ਦੱਸਣ ਲਈ ਕਰਾਂਗੇ ਕਿ ਉਹ ਕਿਹੜੇ ਕੰਮ ਵਿੱਚ ਚੰਗੇ ਹਨ ਅਤੇ ਉਹ ਕੀ ਸੁਧਾਰ ਕਰ ਸਕਦੇ ਹਨ।

ਹਿੱਸਾ ਲੈਣਾ

ਤੁਹਾਨੂੰ ਇਸ ਸਾਲ ਦੇ ਅੰਤ ਵਿੱਚ ਪੋਸਟ ਰਾਹੀਂ ਸਰਵੇਖਣ ਭੇਜਿਆ ਜਾਵੇਗਾ। ਇਹ ਤੁਹਾਡੇ ਵਾਸਤੇ ਭਰਨ ਲਈ ਪ੍ਰਿੰਟਡ ਫਾਰਮ ਹੋਵੇਗਾ ਜਾਂ ਤੁਸੀਂ ਉਸ ਲਿੰਕ ਤੋਂ ਔਨਲਾਈਨ ਜਵਾਬ ਦੇ ਸਕਦੇ ਹੋ ਜੋ ਅਸੀਂ ਤੁਹਾਨੂੰ ਦੇਵਾਂਗੇ।
ਤੁਸੀਂ ਆਪਣੇ ਜਵਾਬ ਫ਼ੋਨ 'ਤੇ ਵੀ ਦੇ ਸਕਦੇ ਹੋ। ਅਸੀਂ ਤੁਹਾਨੂੰ ਦੱਸਾਂਗੇ ਕਿ ਜੇਕਰ ਤੁਸੀਂ ਚਾਹੋ ਤਾਂ ਅਨੁਵਾਦਕ ਦੀ ਵਰਤੋਂ ਕਿਵੇਂ ਕਰ ਸਕਦੇ ਹੋ।

ਜੇਕਰ ਤੁਸੀਂ ਹਿੱਸਾ ਨਹੀਂ ਲੈਣਾ ਚਾਹੁੰਦੇ, ਜਾਂ ਸਰਵੇਖਣ ਬਾਰੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।